# ਨਗਰ ਨਿਗਮ, ਬਠਿੰਡਾ।

**<u>ਕਾਰਵਾਈ ਜਨਰਲ ਹਾਊਸ ਦੀ ਵਰਚੂਅਲ (Virtual) ਮੀਟਿੰਗ ਮਿਤੀ 04.06.2021 ਨੂੰ ਸਵੇਰੇ 11.00 ਵਜੇ</u>**

ਅੱਜ ਮਿਤੀ 04.06.2021 ਨੂੰ ਸਵੇਰੇ 11.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੌਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੌਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸੋਨੀਆ | 5 | ਕੌਂਸਲਰ |
| 6 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 7 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 8 | ਵੀਰਪਾਲ ਕੌਰ | 9 | ਕੌਂਸਲਰ |
| 9 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 10 | ਗੁਰਿੰਦਰ ਕੌਰ | 11 | ਕੌਂਸਲਰ |
| 11 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 12 | ਗੁਰਦੇਵ ਕੌਰ | 13 | ਕੌਂਸਲਰ |
| 13 | ਵਿਵੇਕ ਗਰਗ | 14 | ਕੌਂਸਲਰ |
| 14 | ਮਨਜੀਤ ਕੌਰ | 15 | ਕੌਂਸਲਰ |
| 15 | ਬਲਰਾਜ ਸਿੰਘ | 16 | ਕੌਂਸਲਰ |
| 16 | ਸਿਮਰਨ | 17 | ਕੌਂਸਲਰ |
| 17 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 18 | ਸ਼ੀਲਾ ਰਾਣੀ | 19 | ਕੌਂਸਲਰ |
| 19 | ਮੱਖਣ ਸਿੰਘ | 20 | ਕੌਂਸਲਰ |
| 20 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 21 | ਸੁਰੇਸ਼ ਕੁਮਾਰ | 22 | ਕੌਂਸਲਰ |
| 22 | ਕਿਰਨ ਰਾਣੀ | 23 | ਕੌਂਸਲਰ |
| 23 | ਸ਼ਾਮ ਲਾਲ ਜੈਨ | 24 | ਕੌਂਸਲਰ |
| 24 | ਕਮਲਜੀਤ ਕੌਰ | 25 | ਕੌਂਸਲਰ |
| 25 | ਸੰਦੀਪ ਕੁਮਾਰ | 26 | ਕੌਂਸਲਰ |
| 26 | ਉਸ਼ਾ ਗੋਇਲ | 27 | ਕੌਂਸਲਰ |
| 27 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 28 | ਰੀਨਾ ਗੁਪਤਾ | 29 | ਕੌਂਸਲਰ (ਆਨਲਾਈਨ ਹਾਜ਼ਰ) |
| 29 | ਬਲਜਿੰਦਰ ਸਿੰਘ | 30 | ਕੌਂਸਲਰ |
| 30 | ਪ੍ਰਵੀਨ ਗਰਗ | 31 | ਕੌਂਸਲਰ |
| 31 | ਉਮੇਸ਼ ਗਰਗ | 32 | ਕੌਂਸਲਰ |
| 32 | ਨੇਹਾ | 33 | ਕੌਂਸਲਰ |
| 33 | ਜਸਵੀਰ ਸਿੰਘ | 34 | ਕੌਂਸਲਰ |
| 34 | ਹਰਵਿੰਦਰ ਸਿੰਘ | 36 | ਕੌਂਸਲਰ |
| 35 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 36 | ਮਮਤਾ ਸੈਣੀ | 38 | ਕੌਂਸਲਰ |
| 37 | ਪੁਸ਼ਪਾ ਰਾਣੀ | 39 | ਕੌਂਸਲਰ |
| 38 | ਆਤਮਾ ਸਿੰਘ | 40 | ਕੌਂਸਲਰ |
| 39 | ਕੁਲਵਿੰਦਰ ਕੌਰ | 41 | ਕੌਂਸਲਰ |
| 40 | ਅਨੀਤਾ ਗੋਇਲ | 43 | ਕੌਂਸਲਰ |
| 41 | ਇੰਦਰਜੀਤ ਸਿੰਘ | 44 | ਕੌਂਸਲਰ |
| 42 | ਰਾਜ ਰਾਣੀ | 45 | ਕੌਂਸਲਰ |
| 43 | ਰਤਨ ਰਾਹੀ | 46 | ਕੌਂਸਲਰ |
| 44 | ਮਮਤਾ | 47 | ਕੌਂਸਲਰ |
| 45 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 46 | ਕਮਲੇਸ਼ ਮਹਿਰਾ | 49 | ਕੌਂਸਲਰ |
|  | ਮਲਕੀਤ ਸਿੰਘ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਸਮੂਹ ਆਨਲਾਇਨ ਜੁੜ੍ਹ ਚੁੱਕੇ ਕੌਂਸਲਰ ਸਾਹਿਬਾਨ ਨੂੰ ਜੀ ਆਇਆਂ ਆਖਿਆ। ਇਸ ਉਪਰੰਤ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਕਰੋਨਾ ਮਹਾਮਾਰੀ ਦੇ ਪ੍ਰਕੋਪ ਨੂੰ ਦੇਖਦੇ ਹੋਏ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੱਜ ਜਨਰਲ ਹਾਊਸ ਦੀ ਵਰਚੂਅਲ ਮੀਟਿੰਗ ਕੀਤੀ ਜਾ ਰਹੀ ਹੈ। ਉਹਨਾਂ ਯਕੀਨ ਦਿਵਾਇਆ ਕਿ ਬਠਿੰਡਾ ਸ਼ਹਿਰ ਨੂੰ ਵਿਕਾਸ ਅਤੇ ਸਫਾਈ ਦੇ ਪੱਖੋਂ ਹਰ ਹਾਲਤ ਵਿੱਚ ਅੱਗੇ ਲਿਜਾਉਣ ਦਾ ਹਰ ਸੰਭਵ ਯਤਨ ਕੀਤਾ ਜਾਵੇ। ਉਹਨਾਂ ਵਿਸ਼ਵਾਸ ਦਿਵਾਇਆ ਕਿ ਜਿਵੇਂ ਹੁਣ ਤੱਕ ਬਠਿੰਡਾ ਸਫਾਈ ਦੇ ਮਾਮਲੇ ਵਿੱਚ ਪੰਜਾਬ ਵਿੱਚੋਂ ਪਹਿਲੇ ਨੰਬਰ ਤੇ ਆਉਂਦਾ ਰਿਹਾ ਹੈ, ਉਸੇ ਤਰ੍ਹਾਂ ਭੱਵਿਖ ਵਿੱਚ ਵੀ ਨੰਬਰ 1 ਤੇ ਲਿਆਉਣ ਸਬੰਧੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਦਸਿਆ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਰੋਡ ਜਾਲੀਆਂ ਦੀ ਸਫਾਈ ਕੀਤੀ ਜਾ ਰਹੀ ਹੈ। ਪਰੰਤੂ ਇਸ ਨਾਲ ਜੋ ਗਾਰ ਨਿਕਲਦੀ ਹੈ, ਉਸਨੂੰ ਤੁਰੰਤ ਨਹੀਂ ਚੁਕਵਾਇਆ ਜਾਂਦਾ। ਇਸ ਨਾਲ ਗਾਰ ਵਾਪਸ ਰੋਡ ਜਾਲੀਆਂ ਵਿੱਚ ਚਲੀ ਜਾਂਦੀ ਹੈ। ਇਸ ਲਈ ਯੋਗ ਹੋਵੇਗਾ ਕਿ ਜਲਦ ਤੋਂ ਜਲਦ ਗਾਰ ਚੁੱਕਵਾਉਣ ਸਬੰਧੀ ਵੀ ਕਾਰਵਾਈ ਕੀਤੀ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ। ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਨੇ ਇਹ ਵੀ ਮੰਗ ਕੀਤੀ ਕਿ ਸ਼ਹਿਰ ਦੀ ਖੁਬਸੂਰਤੀ ਵਧਾਉਣ ਲਈ ਨਗਰ ਨਿਗਮ ਵੱਲੋਂ ਜੋ ਆਰਮੀ ਦਾ ਟੈਂਕ ਲਗਾਇਆ ਜਾ ਰਿਹਾ ਹੈ, ਉਹ ਫਾਇਰ ਬ੍ਰਿਗੇਡ ਪਾਸ ਟੈਂਕੀ ਵਾਲੀ ਜਗ੍ਹਾ ਵਿੱਚ ਨਾ ਲਗਾ ਕੇ ਕਚਿਹਰੀਆਂ ਪਾਸ ਇਨਸਟਾਲ ਕਰਵਾਇਆ ਜਾਵੇ। ਇਸਤੇ ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਉਹ ਇਸਤੇ ਸਹਿਮਤ ਨਹੀਂ ਹਨ। ਜਿਸ ਜਗ੍ਹਾ ਇਹ ਟੈਂਕ ਲਗਾਇਆ ਗਿਆ ਹੈ, ਉਹ ਸ਼ਹਿਰ ਦੀ ਮਾਲ ਰੋਡ ਤੇ ਸਥਿਤ ਸ਼ਹਿਰ ਦਾ ਸੈਂਟਰ ਪਲੇਸ ਹੈ। ਉਹਨਾਂ ਕਿਹਾ ਕਿ ਟੈਂਕ ਇਸੇ ਜਗ੍ਹਾ ਤੇ ਸੜ੍ਹਕ ਵਾਲੇ ਪਾਸੇ ਹੋਰ ਅੱਗੇ ਕਰਕੇ ਲਗਾਇਆ ਜਾਵੇ। ਇਸਤੇ ਬਹੁ-ਸੰਮਤੀ ਨਾਲ ਸਹਿਮਤੀ ਪ੍ਰਗਟਾਈ ਗਈ। ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਨੇ ਕਿਹਾ ਕਿ ਵਾਰਡ ਨੰਬਰ 22 ਦੀਆਂ ਕੁੱਝ ਗਲੀਆਂ ਵਿੱਚ ਇਲੈਕਸ਼ਨਾਂ ਤੋਂ ਪਹਿਲਾਂ ਇੰਟਰਲਾਕਿੰਗ ਟਾਇਲਾਂ ਰਖਵਾਈਆਂ ਗਈਆਂ ਸਨ, ਜੋ ਕਿ ਇਲੈਕਸ਼ਨ ਹੋਣ ਉਪਰੰਤ ਚੁੱਕਵਾ ਦਿੱਤੀਆਂ ਗਈਆਂ। ਉਹਨਾਂ ਆਵਾ ਬਸਤੀ ਵਿਖੇ ਇੰਟਰਲਾਕਿੰਗ ਟਾਇਲਾਂ ਲਗਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵੱਲੋਂ ਕਹੀਆਂ ਗੱਲਾਂ ਨੋਟ ਕਰ ਲਈਆਂ ਹਨ। ਕਾਰਵਾਈ ਕਰਨ ਉਪਰੰਤ ਜਾਣੂ ਕਰਵਾ ਦਿੱਤਾ ਜਾਵੇਗਾ।

ਸ੍ਰ:ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਬਿਲਡਿੰਗਾਂ ਦੇ ਨਕਸ਼ੇ ਆਨਲਾਈਨ ਹੋਣ ਨਾਲ ਲੋਕਾਂ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਵਾਰ ਸਰਵਰ ਦੇ ਨਾ ਚੱਲਣ ਕਾਰਨ ਨਕਸ਼ੇ ਪਾਸ ਕਰਨ ਵਿੱਚ ਬਹੁਤ ਜਿਆਦਾ ਦੇਰੀ ਹੁੰਦੀ ਹੈ। ਇਸ ਲਈ ਆਨਲਾਈਨ ਨਕਸ਼ਿਆਂ ਦੇ ਨਾਲ-ਨਾਲ ਆਫਲਾਈਨ ਨਕਸ਼ੇ ਵੀ ਪਾਸ ਕੀਤੇ ਜਾਣ, ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ। ਇਸਤੇ ਬਹੁਮਤ ਨਾਲ ਸਹਿਮਤੀ ਜਤਾਈ ਗਈ ਕਿ ਇਸ ਸਬੰਧੀ ਹਾਊਸ ਦਾ ਮਤਾ ਸਰਕਾਰ ਪਾਸ ਪ੍ਰਵਾਨਗੀ ਹਿੱਤ ਭੇਜਿਆ ਜਾਵੇ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਰਿਪੋਰਟ ਤਿਆਰ ਕਰਕੇ ਹਾਊਸ ਵਿੱਚ ਪੇਸ਼ ਕੀਤੀ ਜਾਵੇ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।

ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਵਾਰਡ ਨੰਬਰ 21 ਨੇ ਕਿਹਾ ਕਿ ਓਹਨਾਂ ਦੇ ਵਾਰਡ ਵਿੱਚ ਗੁੱਗਾ ਮੈੜੀ ਦਾ ਤਕਰੀਬਨ 1000 ਸਾਲ ਪੁਰਾਣਾ ਅਸਥਾਨ ਹੈ। ਇੱਥੇ ਹਰ ਸਾਲ ਮੇਲਾ ਲਗਦਾ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਲੋਕ ਇੱਕਠੇ ਹੁੰਦੇ ਹਨ। ਉਹਨਾਂ ਦਸਿਆ ਕਿ ਇਸ ਜਗ੍ਹਾ ਕੋਈ ਮੁੱਢਲੀ ਸਹੂਲਤ ਨਾ ਹੋਣ ਕਾਰਨ ਸ਼ਰਧਾਲੂਆਂ ਨੂੰ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਯੋਗ ਹੋਵੇਗਾ ਕਿ ਇਸ ਜਗ੍ਹ ਲੋਕਾਂ ਦੀ ਸਹੂਲਤ ਨੂੰ ਦੇਖਦੇ ਹੋਏ ਪੀਣ ਵਾਲਾ ਪਾਣੀ, ਲੋੜੀਂਦੇ ਬਾਥਰੂਮ, ਟਾਇਲਟ ਅਤੇ ਰਸਤਿਆਂ ਦਾ ਪ੍ਰਬੰਧ ਕੀਤਾ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਕਾਰਵਾਈ ਕਰਕੇ ਜਾਣੂ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸ਼ਹਿਰ ਵਿੱਚ ਬਹੁਤ ਜਿਆਦਾ ਆਬਾਦੀ 100 ਗਜ਼ ਤੱਕ ਦੇ ਛੋਟੇ ਘਰਾਂ ਵਿੱਚ ਰਹਿੰਦੀ ਹੈ। ਇਸ ਆਬਾਦੀ ਵਿੱਚ ਮੱਧ ਵਰਗ ਪਰਿਵਾਰ ਅਤੇ ਗਰੀਬ ਲੋਕ ਸ਼ਾਮਲ ਹਨ। ਇਸ ਲਈ ਸ਼ਹਿਰ ਵਿੱਚ 100 ਗਜ਼ ਤੱਕ ਦੇ ਘਰਾਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਦੇਣ ਲਈ ਸਰਕਾਰ ਪਾਸ ਮਤਾ ਪਾ ਕੇ ਭੇਜਿਆ ਜਾਵੇ। ਇਸਤੇ ਬਹੁਮਤ ਨਾਲ ਹੱਥ ਖੜੇ ਕਰਕੇ ਸਹਿਮਤੀ ਜਤਾਈ ਗਈ। ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਬਹੁਮਤ ਨੂੰ ਦੇਖਦੇ ਹੋਏ ਮਤਾ ਪਾ ਕੇ ਸਰਕਾਰ ਪਾਸ ਭੇਜਿਆ ਜਾਵੇ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਸਬੰਧੀ ਵਿਸਥਾਰ ਵਿੱਚ ਅਲਗ ਤੋਂ ਵਿਚਾਰ ਕਰਕੇ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।

ਇਸ ਉਪਰੰਤ ਵਰਚੂਅਲ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

**<u>ਏਜੰਡਾ ਨੰਬਰ 1 :</u>**

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਹਾਊਸ (Elected Body) ਦਾ ਗਠਨ ਹੋ ਗਿਆ ਹੈ। Punjab Municipal Act, 1976 ਦੀ ਧਾਰਾ 42(4) ਅਨੁਸਾਰ "There shall also be a Finance and Contract Committee of the Corporation comprising the Mayor, the two Deputy Mayor, two councillors elected by the councillors from amongst themselves and the Commissioner, and the aforesaid Committee shall exercise all the powers of the Corporation in relation to contracts to be entered into for and on its behalf and the purchase so made by it".

ਇਸ ਅਨੁਸਾਰ ਵਿੱਤ ਤੇ ਠੇਕੇ ਕਮੇਟੀ ਗਠਨ ਕਰਨ ਲਈ ਕੇਸ ਹਾਊਸ ਨਗਰ ਨਿਗਮ ਬਠਿੰਡਾ ਦੇ ਵਿਚਾਰ ਹਿੱਤ।

**<u>ਮਤਾ ਨੰਬਰ 1:</u>**

ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰਾਂ ਦੀ ਚੋਣ ਪ੍ਰਕ੍ਰਿਆ ਦੌਰਾਨ ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ, ਵਾਰਡ ਨੰਬਰ 36 ਵੱਲੋਂ, ਸ਼੍ਰੀ ਬਲਜਿੰਦਰ ਸਿੰਘ ਕੌਂਸਲਰ, ਵਾਰਡ ਨੰਬਰ 30 ਦਾ ਨਾਮ ਵਿੱਤ ਅਤੇ ਠੇਕਾ ਕਮੇਟੀ ਦੇ ਪਹਿਲੇ ਮੈਂਬਰ ਵੱਜੋਂ ਤਜਵੀਜ ਕੀਤਾ ਗਿਆ। ਸ਼੍ਰੀ ਰਤਨ ਰਾਹੀ, ਕੌਂਸਲਰ ਵਾਰਡ ਨੰਬਰ 46 ਵੱਲੋਂ ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ, ਵਾਰਡ ਨੰਬਰ 30 ਦੇ ਨਾਮ ਦੀ ਤਾਇਦ ਕੀਤੀ ਗਈ। ਇਸ ਸਬੰਧੀ ਬਹੁ-ਸੰਮਤੀ ਨਾਲ ਹੱਥ ਖੜੇ ਕਰਕੇ ਸਹਿਮਤੀ ਦਿੱਤੀ ਗਈ। ਇਸ ਉਪਰੰਤ ਸ਼੍ਰੀ ਸ਼ਾਮ ਲਾਲ ਜੈਨ, ਕੌਂਸਲਰ ਵਾਰਡ ਨੰਬਰ 24 ਵੱਲੋਂ, ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ, ਵਾਰਡ ਨੰਬਰ 31 ਦਾ ਨਾਮ ਵਿੱਤ ਅਤੇ ਠੇਕਾ ਕਮੇਟੀ ਦੇ ਦੂਸਰੇ ਮੈਂਬਰ ਵੱਜੋਂ ਤਜਵੀਜ ਕੀਤਾ ਗਿਆ। ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਵੱਲੋਂ, ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ ਵਾਰਡ ਨੰਬਰ 31 ਦੇ ਨਾਮ ਦੀ ਤਾਇਦ ਵਿੱਤ ਅਤੇ ਠੇਕਾ ਕਮੇਟੀ ਦੇ ਦੂਸਰੇ ਮੈਂਬਰ ਵੱਜੋਂ ਕੀਤੀ ਗਈ। ਇਸ ਨਾਮ ਦੀ ਬਹੁ-ਸੰਮਤੀ ਨਾਲ ਹੱਥ ਖੜੇ ਕਰਕੇ ਸਹਿਮਤੀ ਦਿੱਤੀ ਗਈ। ਕਿਸੇ ਵੀ ਹੋਰ ਕੌਂਸਲਰ ਵੱਲੋਂ ਕਿਸੇ ਹੋਰ ਦਾ ਨਾਮ ਵਿੱਤ ਅਤੇ ਠੇਕਾ ਕਮੇਟੀ ਲਈ ਤਜਵੀਜ ਨਹੀਂ ਕੀਤਾ ਗਿਆ।

**ਉਕਤ ਅਨੁਸਾਰ ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ, ਵਾਰਡ ਨੰਬਰ 30 ਅਤੇ ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ, ਵਾਰਡ ਨੰਬਰ 31 ਨੂੰ ਬਹੁ-ਸੰਮਤੀ ਨਾਲ ਵਿੱਤ ਅਤੇ ਠੇਕਾ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਜਾਂਦਾ ਹੈ। ਅਤੇ ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਦਾ ਗਠਨ ਨਾ ਹੋਣ ਕਾਰਨ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਐਤ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੋ ਕਿ ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰ ਹਨ, ਵੱਲੋਂ ਮਿਤੀ 10.05.2021 ਅਤੇ ਮਿਤੀ 02.06.2021 ਨੂੰ ਕੀਤੀ ਐਫ.ਐਂਡ ਸੀ.ਸੀ. ਦੀਆਂ ਮੀਟਿੰਗਾਂ ਦੀ ਪ੍ਰਵਾਨਗੀ ਵੀ ਦਿੱਤੀ ਜਾਂਦੀ ਹੈ।**

ਇਸ ਉਪਰੰਤ ਸ਼੍ਰੀ ਸੰਦੀਪ ਕੁਮਾਰ, ਕੌਂਸਲਰ, ਵਾਰਡ ਨੰਬਰ 26 ਨੇ ਦਸਿਆ ਕਿ 53 ਸਾਲਾਂ ਬਾਅਦ ਕਾਂਗਰਸ ਪਾਰਟੀ ਦਾ ਬਹੁਮਤ ਨਾਲ ਨਗਰ ਨਿਗਮ ਬਠਿੰਡਾ ਦਾ ਹਾਊਸ ਬਣਿਆ ਹੈ। ਲੋਕਾਂ ਨੂੰ ਨਗਰ ਨਿਗਮ ਤੋਂ ਵਿਕਾਸ ਦੇ ਕੰਮਾਂ ਸਬੰਧੀ ਬਹੁਤ ਜਿਆਦਾ ਉਮੀਦਾਂ ਹਨ। ਦੂਸਰੇ ਪਾਸੇ ਕਰੋਨਾ ਮਹਾਂਮਾਰੀ ਦਾ ਪ੍ਰਕੋਪ ਵੀ ਚੱਲ ਰਿਹਾ ਹੈ। ਇਸ ਲਈ ਯੋਗ ਹੋਵੇਗਾ ਕਿ ਲੋਕਾਂ ਦੀਆਂ ਉਮੀਦਾਂ ਮੁਤਾਬਿਕ ਸ਼ਹਿਰ ਵਿੱਚ ਵਿਕਾਸ ਦੇ ਕੰਮ ਬਿਨਾਂ ਕਿਸੇ ਦੇਰੀ ਤੋਂ ਕਰਾਉਣ ਲਈ ਤਖਮੀਨੇ ਪਾਸ ਕਰਨ ਅਤੇ ਹੋਰ ਪ੍ਰਸ਼ਾਸਕੀ ਕੰਮਾਂ ਦੀਆਂ ਸ਼ਕਤੀਆਂ ਵੀ ਵਿੱਤ ਅਤੇ ਠੇਕਾ ਕਮੇਟੀ ਨੂੰ ਦੇ ਦਿੱਤੀਆਂ ਜਾਣ। ਉਹਨਾਂ ਸੁਝਾਅ ਪੇਸ਼ ਕੀਤਾ ਕਿ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ 2.00 ਲੱਖ ਰੁਪਏ ਤੱਕ ਅਤੇ 2.00 ਲੱਖ ਰੁਪਏ ਤੋਂ ਵੱਧ ਅਤੇ 1.00 ਕਰੋੜ ਰੁਪਏ ਤੱਕ ਦਾ ਹਰ ਇੱਕ ਕੰਮ ਪ੍ਰਵਾਨ ਅਤੇ ਅਲਾਟ ਕਰਨ ਦੇ ਅਧਿਕਾਰ ਵਿੱਤ ਅਤੇ ਠੇਕਾ ਕਮੇਟੀ ਨੂੰ ਦਿੱਤੇ ਜਾਣੇ ਚਾਹੀਦੇ ਹਨ, ਤਾਂ ਜੋ ਵਿਕਾਸ ਦੇ ਕੰਮ ਕਰਾਉਣ ਵਿੱਚ ਕਿਸੇ ਕਿਸਮ ਦੀ ਕੋਈ ਦੇਰੀ ਨਾ ਹੋਵੇ।ਇਸ ਸਬੰਧੀ ਬਹੁਮਤ ਨਾਲ ਹੱਥ ਖੜੇ ਕਰਕੇ ਸਹਿਮਤੀ ਦਿੱਤੀ ਗਈ। ਇਸਤੇ ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਕਿਹਾ ਕਿ ਕਰੋਨਾ ਬੀਮਾਰੀ ਸਦਾ ਨਹੀਂ ਰਹਿਣੀ। ਇਸ ਲਈ ਯੋਗ ਹੋਵੇਗਾ ਕਿ ਜੋ ਸ਼ਕਤੀਆਂ ਵਿੱਤ ਅਤੇ ਠੇਕਾ ਕਮੇਟੀ ਨੂੰ ਦਿੱਤੀਆਂ ਜਾਣੀਆਂ ਹਨ, ਉਹਨਾਂ ਦਾ ਸਮਾਂ 31 ਦਸੰਬਰ 2021 ਤੱਕ ਸੀਮਿਤ ਕਰ ਦਿੱਤਾ ਜਾਵੇ। ਜੇ ਲੋੜ੍ਹ ਹੋਈ ਤਾਂ ਸਮਾਂ ਅੱਗੇ ਵਧਾ ਦਿੱਤਾ ਜਾਵੇ। ਇਸਤੇ ਹਾਊਸ ਵੱਲੋਂ ਕੋਈ ਸਹਿਮਤੀ ਨਹੀਂ ਜਤਾਈ ਗਈ।

**ਉਕਤ ਸਬੰਧੀ ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਵਾਰਡ ਨੰਬਰ 26 ਦੇ ਸੁਝਾਅ ਅਨੁਸਾਰ ਬਹੁ-ਸੰਮਤੀ ਨਾਲ ਪਾਸ ਕੀਤਾ ਜਾਂਦਾ ਹੈ ਕਿ ਬਠਿੰਡਾ ਸ਼ਹਿਰ ਵਿੱਚ ਹੋਣ ਵਾਲੇ 2.00 ਲੱਖ ਰੁਪਏ ਤੱਕ ਦੇ ਕੰਮਾਂ ਲਈ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਅਤੇ 2.00 ਲੱਖ ਰੁਪਏ ਤੋਂ 1.00 ਕਰੋੜ੍ਹ ਰੁਪਏ ਤੱਕ ਦੇ ਹਰ ਇੱਕ ਵਿਕਾਸ ਅਤੇ ਪਬਲਿਕ ਹਿੱਤ ਦੇ ਕੰਮ ਕਰਾਉਣ ਲਈ ਪੂਰਨ ਤੋਰ ਤੇ ਵਿੱਤ ਅਤੇ ਠੇਕਾ ਕਮੇਟੀ ਨੂੰ ਸ਼ਕਤੀਆਂ ਦਿੱਤੀਆਂ ਜਾਂਦੀਆਂ ਹਨ।**

ਸ਼੍ਰੀ ਉਮੇਸ਼ ਗਰਗ, ਕੌਂਸਲਰ ਵਾਰਡ ਨੰਬਰ 32 ਨੇ ਸੁਝਾਅ ਪੇਸ਼ ਕੀਤਾ ਕਿ ਨਗਰ ਨਿਗਮ ਦੇ ਕੰਮਾਂ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਇਹ ਯੋਗ ਹੋਵੇਗਾ ਕਿ ਵੱਖ-ਵੱਖ ਕੰਮਾਂ ਲਈ ਸਬ-ਕਮੇਟੀਆਂ ਬਣਾ ਦਿੱਤੀਆਂ ਜਾਣ ਤਾਂ ਜੋ ਕਿਸੇ ਵੀ ਕੰਮ ਵਿੱਚ ਕੋਈ ਰੁਕਾਵਟ ਨਾ ਪੇਸ਼ ਆਵੇ। ਇਸ ਸਬੰਧੀ ਮੀਟਿੰਗ ਵਿੱਚ ਮੌਜੂਦ ਕੌਂਸਲਰ ਸਾਹਿਬਾਨ ਵੱਲੋਂ ਬਹੁਮਤ ਨਾਲ ਹੱਥ ਖੜੇ ਕਰਕੇ ਸਹਿਮਤੀ ਦਿੱਤੀ ਗਈ।

**ਉਕਤ ਦੇ ਮੱਦੇ ਨਜ਼ਰ ਪਾਸ ਕੀਤਾ ਜਾਂਦਾ ਹੈ ਕਿ ਵਿਕਾਸ ਦੇ ਕੰਮਾਂ ਤੋਂ ਇਲਾਵਾ ਨਗਰ ਨਿਗਮ ਦੇ ਹੋਰ ਕੰਮਾਂ ਲਈ ਵੱਖ-ਵੱਖ ਸਬ-ਕਮੇਟੀਆਂ ਬਨਾਉਣ ਦੇ ਅਧਿਕਾਰ ਮੇਅਰ, ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤੇ ਜਾਂਦੇ ਹਨ।**

ਮੀਟਿੰਗ ਖਤਮ ਹੋਣ ਤੋਂ ਪਹਿਲਾਂ ਸ਼੍ਰੀ ਬਲਜੀਤ ਸਿੰਘ, ਕੌਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਪਿਛਲੇ ਦਿਨੀ ਮਾਨਯੋਗ ਮੇਅਰ ਸਾਹਿਬ ਦੇ ਮਾਤਾ ਜੀ ਅਤੇ ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਸਮੁੱਚੇ ਹਾਊਸ ਨੂੰ ਇੱਕ ਮਿਨਟ ਦਾ ਮੌਨ ਧਾਰਨ ਕਰਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਲਈ ਸ਼ੋਕ ਮਤਾ ਪਾਸ ਕਰਨ ਲਈ ਬੇਨਤੀ ਕੀਤੀ।

**ਮਤਾ ਨੰਬਰ 02 :**

**ਹਾਊਸ ਵੱਲੋਂ ਮੇਅਰ, ਨਗਰ ਨਿਗਮ ਬਠਿੰਡਾ ਦੇ ਮਾਤਾ ਜੀ ਅਤੇ ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਵਾਰਡ ਨੰਬਰ 44 ਦੇ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਇੱਕ ਮਿਨਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।**

ਇਸ ਉਪਰੰਤ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**